## ਪੰਜਾਬ ਵਿਧਾਨ ਸਭਾ ਸਕੱਤਰੇਤ

ਸੋਮਵਾਰ, ਮਿਤੀ 19 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### ਹਲਕਾ ਮੁਕੇਰੀਆਂ ਅਧੀਨ ਪੈਂਦੇ ਪਿੰਡਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨਾ

52. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਮੁਕੇਰੀਆਂ ਅਧੀਨ ਪੈਂਦੇ ਪਿੰਡ ਕਾਹਲੂ ਚਾਂਹਗ ਅਤੇ ਪਿੰਡ ਹਵੇਲ ਚਾਂਹਗ ਦੇ ਗੰਦੇ ਪਾਣੀ ਦੇ ਨਿਕਾਸ ਕਰਨ ਦਾ ਪ੍ਰਬੰਧ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸਦੇ ਵੇਰਵੇ ਕੀ ਹਨ?

### ਛੋਟੇ ਕੰਮਾਂ ਲਈ ਦਿੱਤੇ ਟੈਂਡਰਾਂ ਵਿਚ ਮਿਲਣਵਾਲੀਆਂ ਰਿਆਇਤਾਂ/ਸਹੂਲਤਾਂ ਦਾ ਲਾਭ

12. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.**:- ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿੰਚਾਈ ਵਿਭਾਗ ਦੇ ਨਹਿਰੀ /ਡਰੇਨੇਜ਼ /ਲਾਈਨਿੰਗ ਸਰਕਲ ਵੱਲੋਂ ਛੋਟੇ-ਛੋਟੇ ਕੰਮਾਂ ਨੂੰ ਇਕੱਠਾ (ਕਲੱਬ) ਕਰਕੇ 1 ਤੋਂ 5 ਕਰੋੜ ਰੁਪਏ ਤੱਕ ਦੇ ਕੰਮਾਂ ਨੂੰ ਇਕੋ ਕੰਮ (ਸਿੰਗਲ ਵਰਕ) ਟੈਂਡਰ ਨਾਲ ਕੀਤਾ ਜਾ ਰਿਹਾ ਹੈ ਅਤੇ ਅਜਿਹਾ ਕਰਨ ਨਾਲ ਸਰਕਾਰ ਵੱਲੋਂ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ 40 ਲੱਖ ਦੇ ਟੈਂਡਰ ਵਿੱਚ ਦਿੱਤੀਆਂ ਰਿਆਇਤਾਂ/ਸਹੂਲਤਾਂ ਦਾ ਕੋਈ ਲਾਭ ਨਹੀਂ ਦਿਤਾ ਜਾ ਰਿਹਾ; ਜੇਕਰ ਉੱਤਰ ਹਾਂ ਵਿਚ ਹੈ ਤਾਂ ਸਰਕਾਰ ਛੋਟੀਆਂ ਸਹਿਕਾਰੀਆਂ ਲੇਬਰ ਸਭਾਵਾਂ ਨੂੰ ਮਿਲਣ ਵਾਲੇ ਲਾਭ ਨੂੰ ਸੁਨਿਸ਼ਚਿਤ ਕਰਨ ਲਈ ਕੀ ਕਦਮ ਉਠਾ ਰਹੀ ਹੈ?

### ਸ਼੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਸੜਕ ਦੀ ਉਸਾਰੀ

20. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਕੀ ਅਗਸਤ 2012 ਵਿਚ ਸ਼੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਸੜਕ ਦਾ ਨੀਂਹ ਪੱਥਰ ਰੱਖਿਆ ਸੀ; ਜੇਕਰ ਅਜਿਹਾ ਹੈ ਤਾਂ ਕਿਸ ਵਲੋਂ;

ਅ) ਭਾਗ (ੳ) ਵਿਚ ਦਰਜ ਸੜਕ ਦਾ ਤਖਮੀਨਾ ਕਿਸ ਏਜੰਸੀ ਵਲੋਂ ਤਿਆਰ ਕੀਤਾ ਗਿਆ, ਇਸ ਦੀ ਅਨੁਮਾਨਤ ਰਾਸ਼ੀ ਕਿੰਨੀ ਸੀ ਅਤੇ ਕਿਸ ਮਿਤੀ ਤੱਕ ਸੜਕ ਦਾ ਕੰਮ ਮੁਕੰਮਲ ਕਰਨਾ ਸੀ ;

ੲ) ਕੀ ਉਪਰੋਕਤ ਸੜਕ ਦਾ ਨਿਰਮਾਣ ਸਬੰਧਤ ਠੇਕੇਦਾਰ ਵਲੋਂ ਮਿੱਥੇ ਸਮੇਂ ਅੰਦਰ ਪੂਰਾ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੈ ਤਾਂ ਕੀ ਸਬੰਧਤ ਠੇਕੇਦਾਰ/ਫਰਮ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਸ) ਉਪਰੋਕਤ ਸੜਕ ਦੇ ਨਿਰਮਾਣ ਲਈ ਕਿੰਨੇ ਦਰਖਤ ਕੱਟੇ ਗਏ ਅਤੇ ਇਨ੍ਹਾਂ ਦੀ ਥਾਂ ਕਿੰਨੇ ਨਵੇਂ ਪੌਦੇ ਲਗਾਏ ਗਏ; ਵੇਰਵਾ ਦਿੱਤਾ ਜਾਵੇ ;

ਹ) ਕੀ ਉਪੋਰਕਤ ਸੜਕ ਨੂੰ ਤਿਆਰ ਕਰਨ ਲਈ ਇਕੁਆਇਰ ਕੀਤੀ ਗਈ ਜ਼ਮੀਨ ਦੇ ਇਵਜ ਵਿਚ ਮੁਆਵਜੇ ਦੀ ਰਾਸ਼ੀ ਦੇ ਦਿੱਤੀ ਗਈ ਹੈ; ਜੇਕਰ ਹਾਂ ਤਾਂ ਵੇਰਵਾ ਦਿੱਤਾ ਜਾਵੇ ਅਤੇ ਜੇਕਰ ਨਹੀਂ ਤਾ ਇਸ ਦੇ ਕੀ ਕਾਰਨ ਹਨ;

ਕ) ਉਪਰੋਕਤ ਸੜਕ ਤੇ ਹੁਣ ਤੱਕ ਕਿੰਨੀ ਰਕਮ ਖਰਚ ਹੋ ਚੁੱਕੀ ਹੈ ਅਤੇ ਇਸ ਨੂੰ ਮੁਕੰਮਲ ਕਰਨ ਤੇ ਹੋਰ ਕਿੰਨਾ ਖਰਚਾ ਆਵੇਗਾ ?

### ਹਲਕਾ ਮੁਕੇਰੀਆਂ ਅਧੀਨ ਪੈਂਦੇ ਹਾਈਡਲ ਪ੍ਰੋਜੈਕਟ ਵਿਚੋਂ ਨਿਕਲੀ ਸ਼ਾਹ ਨਹਿਰ ਦੀ ਮੁਰੰਮਤ

51. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਮੁਕੇਰੀਆਂ ਅਧੀਨ ਪੈਂਦੇ ਹਾਈਡਲ ਪ੍ਰੋਜੈਕਟ ਵਿਚੋਂ ਨਿਕਲੀ ਸ਼ਾਹ ਨਹਿਰ ਦੀ ਪਿਛਲੇ 10 ਸਾਲਾਂ ਤੋਂ ਮੁਰੰਮਤ ਨਹੀਂ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਸ਼ਾਹ ਨਹਿਰ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ?

### ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨਾ

72. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੀ ਸਰਕਾਰ ਵੱਲੋਂ ਰਾਜ ਵਿੱਚ ਏ.ਪੀ. ਟਿਊਵੈੱਲ ਪਾਲਿਸੀ-2016 ਤਹਿਤ ਕਿਸਾਨਾਂ ਨੂੰ ਜੋ ਟਿਊਬਵੈੱਲ ਕੁਨੈਕਸ਼ਨ ਜਾਰੀ ਕੀਤੇ ਗਏ ਸਨ ਕੀ ਉਸ ਤੇ ਸਰਕਾਰ ਨੇ ਹੁਣ ਰੋਕ ਲਗਾ ਦਿੱਤੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਕੁਨੈਕਸ਼ਨ ਕਿਸਾਨਾਂ ਨੂੰ ਕਦੋਂ ਤੱਕ ਦੇ ਦਿੱਤੇ ਜਾਣਗੇ?

### ਹਲਕਾ ਰਾਮਪੁਰਾ ਫੂਲ ਅੰਦਰ ਪੈਂਦੇ ਆਂਗਣਵਾੜੀ ਸੈਂਟਰਾਂ ਨੂੰ ਬੁਨਿਆਦੀ ਸਹੂਲਤਾਂ ਦੇਣਾ

78. **ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਐਮ.ਐਲ.ਏ.**:- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਰਾਮਪੁਰਾ ਫੂਲ ਅੰਦਰ ਪੈਂਦੇ ਸਾਰੇ ਆਂਗਣਵਾੜੀ ਸੈਂਟਰਾਂ ਵਿੱਚ ਪਾਣੀ ਦੀ ਸਪਲਾਈ ਬਿਜਲੀ ਕੁਨੈਕਸ਼ਨ, ਲੈਟਰੀਨ, ਬਾਥਰੂਮ ਅਤੇ ਮੇਜ਼ ਕੁਰਸੀਆਂ ਆਦਿ ਦਾ ਕੋਈ ਪ੍ਰਬੰਧ ਨਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਉਪਰੋਕਤ ਬੁਨਿਆਦੀ ਸਹੂਲਤਾਂ ਦੇਣ ਦੀ ਕੋਈ ਤਜਵੀਜ਼ ਹੈ?

ਪਰਤੋਂ ਜੀ...

## ਪਿੰਡਾਂ ਵਿੱਚ ਵੰਡੀਆਂ ਗਈਆਂ ਗ੍ਰਾਂਟਾਂ ਦੀ ਸੂਚੀ

88. **ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਉਹਨਾਂ ਪਿੰਡਾਂ ਦੀ ਜਿਲ੍ਹਾ-ਵਾਰ ਸੂਚੀ ਕੀ ਹੈ ਜਿਹਨਾਂ ਨੂੰ 1 ਅਪ੍ਰੈਲ, 2012 ਤੋਂ ਲੈ ਕੇ 31 ਮਾਰਚ, 2017 ਤੱਕ 1 ਕਰੋੜ ਰੁਪਏ ਜਾਂ ਇਸ ਤੋਂ ਜਿਆਦਾ ਦੀ ਗ੍ਰਾਂਟ ਦਿੱਤੀ ਗਈ ਹੈ ਅਤੇ ਹਰੇਕ ਪਿੰਡ ਦੀ ਕੁੱਲ ਵੱਸੋਂ ਕਿੰਨੀ-ਕਿੰਨੀ ਹੈ;

ਅ) ਕੀ ਗ੍ਰਾਮ ਪੰਚਾਇਤਾਂ ਦੁਆਰਾ ਉਕਤ ਗ੍ਰਾਂਟਾਂ ਅਸਲ ਮੰਤਵ ਵਿਚ ਵਰਤ ਲਈਆਂ ਗਈਆਂ ਹਨ; ਜੇਕਰ ਨਹੀਂ ਤਾਂ ਸਰਕਾਰ ਦੁਆਰਾ ਦੋਸ਼ੀ ਪੰਚਾਇਤਾਂ ਦੇ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ?

## ਸਰਕਾਰੀ ਬਲੱਡ ਬੈਂਕਾਂ ਦੀ ਗਿਣਤੀ

19. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਇਸ ਸਮੇਂ ਜਿਲ੍ਹਾ-ਵਾਰ ਸਰਕਾਰੀ ਬਲੱਡ ਬੈਂਕਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਬਲੱਡ ਬੈਂਕਾਂ ਵਿਚ ਸਾਲ 2014-15, 2015-16 ਅਤੇ 2016-17 ਵਿਚ ਕਿੰਨੇ ਯੂਨਿਟ ਬਲੱਡ ਇਕੱਠਾ ਹੋਇਆ ਅਤੇ ਕਿੰਨੇ ਯੂਨਿਟ ਬਲੱਡ ਮਰੀਜਾਂ ਨੂੰ ਮੁਫਤ ਦਿੱਤਾ ਗਿਆ ਅਤੇ ਕਿੰਨੇ ਯੂਨਿਟ ਬਲੱਡ ਖਰਾਬ ਹੋਇਆ ;

ਅ) ਭਾਗ ੳ ਵਿਚ ਵਰਣਿਤ ਬਲੱਡ ਬੈਂਕਾਂ ਵਿਚ ਸਾਲ 2014-15, 2015-16 ਅਤੇ 2016-17 ਵਿਚ ਬਲੱਡ ਇਕੱਠਾ ਕਰਨ ਅਤੇ ਟੈਸਟ ਕਰਨ ਤੇ ਕਿੰਨੀ ਰਕਮ ਖਰਚ ਹੋਈ ਅਤੇ ਸਰਕਾਰ ਨੇ ਬਲੱਡ ਵੇਚ ਕੇ ਕਿੰਨੀ ਰਕਮ ਪ੍ਰਾਪਤ ਕੀਤੀ ;

ੲ) ਇਕ ਯੂਨਿਟ ਬਲੱਡ ਇਕੱਠਾ ਕਰਨ ਅਤੇ ਟੈਸਟ ਕਰਨ ਲਈ ਕੁੱਲ ਕਿੰਨਾਂ ਖਰਚ ਆਉਂਦਾ ਹੈ; ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਆਦਿ ਵਲੋਂ ਮਿਲਣ ਵਾਲੀ ਗਰਾਂਟ ਅਤੇ ਖਰੀਦ ਕੀਤੇ ਜਾਣ ਵਾਲੇ ਸਾਰੇ ਸਮਾਨ ਦੀ ਕੀਮਤ ਦਾ ਵੇਰਵਾ ਦਿੱਤਾ ਜਾਵੇ?

## ਹਲਕਾ ਰਾਮਪੁਰਾ ਫੂਲ ਵਿੱਚ ਪੈਂਦੀਆ ਨਗਰ ਪੰਚਾਇਤਾਂ ਵਿਚ ਜਲ ਸਪਲਾਈ ਅਤੇ ਸੀਵਰੇਜ਼ ਦਾ ਪ੍ਰਬੰਧ ਕਰਨਾ

79. **ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਅੰਦਰ ਪੈਂਦੀਆਂ ਨਗਰ ਪੰਚਾਇਤਾਂ ਮਹਿਰਾਜ, ਭਾਈਰੂਪਾ,ਭਗਤਾ ਭਾਈਕਾ, ਕੋਠਾ ਗੁਰੂ ਅਤੇ ਮਲੂਕਾ ਵਿੱਚ ਜਲ ਸਪਲਾਈ ਅਤੇ ਸੀਵਰੇਜ਼ ਦਾ ਪ੍ਰਬੰਧ ਵਧੀਆ ਤਰੀਕੇ ਨਾਲ ਚਲਾਉਣ ਲਈ ਇਹਨਾਂ ਦਾ ਪ੍ਰਬੰਧ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਦੇਣ ਦੀ ਜ਼ਰੂਰਤ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਇਸ ਸਬੰਧੀ ਕੋਈ ਤਜਵੀਜ਼ ਹੈ?

## ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨਾ

71. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.)** :- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪਿਛਲੀ ਸਰਕਾਰ ਦੁਆਰਾ ਰਾਜ ਵਿਚ ਨਵੇਂ ਟਿਊਬਵੈੱਲ ਕੁਨੈਕਸ਼ਨਜ ਜਾਰੀ ਕਰਨ ਦੀ ਕੋਈ ਸਕੀਮ ਸ਼ੁਰੂ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਮਿਤੀ 31-3-2017 ਤੱਕ ਸਰਕਾਰ ਦੁਆਰਾ ਜਾਰੀ ਕੀਤੇ ਗਏ ਨਵੇਂ ਕੁਨੈਕਸ਼ਨਜ਼ ਅਤੇ ਲੰਬਿਤ ਪਏ ਬਿਨੈ ਪੱਤਰਾਂ ਦੀ ਜਿਲ੍ਹਾ-ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਸਬੰਧ ਵਿਚ ਟਿਊਬਵੈੱਲ ਕੁਨੈਕਸ਼ਨਜ਼ ਜਾਰੀ ਕਰਨ ਸਬੰਧੀ ਸਰਕਾਰ ਦੀ ਨੀਤੀ ਕੀ ਹੈ;

ਅ) ਛੋਟੇ ਕਿਸਾਨ, ਜਿਨ੍ਹਾਂ ਨੇ ਬਿਜਲੀ ਦੇ ਕੁਨੈਕਸ਼ਨ ਲਗਾਉਣ ਲਈ ਕੁੱਲ ਖਰਚਾ ਜਮ੍ਹਾਂ ਕਰਵਾ ਦਿੱਤਾ ਹੈ ਅਤੇ ਸਾਜ਼ੋ ਸਾਮਾਨ ਲਗਵਾਉਣ ਤੇ ਵੀ ਭਾਰੀ ਲਾਗਤ ਦੇ ਦਿੱਤੀ ਹੈ, ਲਈ ਬਿਜਲੀ ਦੇ ਕੁਨੈਕਸ਼ਨ ਕਦੋਂ ਤੱਕ ਮਨਜ਼ੂਰ/ਚਾਲੂ ਕੀਤੇ ਜਾਣਗੇ;

ੲ) ਕੀ ਜਿਨ੍ਹਾਂ ਕਿਸਾਨਾਂ ਨੂੰ ਬਿਜਲੀ ਦੇ ਕੁਨੈਕਸ਼ਨ ਅਲਾਟ ਹੋਏ ਸਨ ਪਰ ਜਿਨ੍ਹਾਂ ਨੇ ਪ੍ਰੋਸੈਸਿੰਗ ਫੀਸ ਜਮ੍ਹਾਂ ਨਹੀਂ ਕਰਵਾਈ ਸੀ, ਨੂੰ ਬਿਜਲੀ ਦੇ ਕੁਨੈਕਸ਼ਨ ਜਾਰੀ ਕਰਵਾਉਣ ਲਈ ਲੋੜੀਂਦੀ ਫੀਸ ਹੁਣ ਜਮ੍ਹਾਂ ਕਰਨ ਦੀ ਇਜਾਜ਼ਤ ਹੈ ਅਤੇ ਜਿਨ੍ਹਾਂ ਕਿਸਾਨਾਂ ਨੇ ਪ੍ਰੋਸੈਸਿੰਗ ਫੀਸ ਜਮ੍ਹਾਂ ਕਰ ਦਿੱਤੀ ਹੈ, ਉਨ੍ਹਾਂ ਨੂੰ ਡਿਮਾਂਡ ਨੋਟਿਸ ਕਦੋਂ ਤੱਕ ਪ੍ਰਾਪਤ ਹੋ ਜਾਣਗੇ;

ਸ) ਕੀ ਜਿਨ੍ਹਾਂ ਕਿਸਾਨਾਂ ਨੇ ਵੱਖ-ਵੱਖ ਸ਼੍ਰੇਣੀਆਂ ਅਧੀਨ ਬਿਜਲੀ ਦੇ ਕੁਨੈਕਸ਼ਨ ਲਈ ਅਪਲਾਈ ਕੀਤਾ ਹੋਇਆ ਹੈ, ਨੂੰ ਇਸ ਅਨੁਸਾਰ ਤਰਜੀਹ ਦਿੱਤੀ ਜਾਵੇਗੀ?

## ਖਸਤਾ ਹਾਲਤ ਮਾਈਨਰਾਂ ਦੀ ਮੁਰੰਮਤ

80. **ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਵਿਚ ਦੀ ਲੰਘਦੀ ਬਠਿੰਡਾ ਬ੍ਰਾਂਚ ਦੇ ਨਵੀਨੀ ਕਰਨ ਦੀ ਸਖਤ ਲੋੜ ਹੈ ਅਤੇ ਢਿਪਾਲੀ ਰਜਬਾਹਾ, ਫੂਲ ਰਜਬਾਹਾ ਅਤੇ ਭਦੌੜ ਰਜਬਾਹਾ, ਦੀ ਹਾਲਤ ਬੇਹੱਦ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਇਸ ਨੂੰ ਨਵਾਂ ਬਣਾਉਣ ਦੀ ਕੋਈ ਤਜਵੀਜ਼ ਹੈ;

ਅ) ਕੀ ਮਹਿਰਾਜ ਮਾਈਨਰ, ਚੋਟੀਆ ਮਾਈਨਰ, ਕਾਂਗੜ ਮਾਈਨਰ, ਦੂੱਕਵਾਲ ਮਾਈਨਰ, ਮਲੂਕਾ ਮਾਈਨਰ, ਦੀ ਹਾਲਤ ਵੀ ਬਹੁਤ ਖਸਤਾ ਹੈ ਅਤੇ ਇਨ੍ਹਾਂ ਦੀ ਟੇਲਾਂ ਨੂੰ ਪਾਣੀ ਨਹੀ ਪਹੁੰਚਦਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਸ ਸਬੰਧ ਵਿੱਚ ਕੀ ਕਦਮ ਚੁੱਕ ਰਹੀ ਹੈ?

## ਹਲਕਾ ਮੁਕੇਰੀਆਂ ਦੇ ਬਲਾਕ ਹਾਜ਼ੀਪੁਰ ਵਿੱਚ ਥਰਮਲ ਪਲਾਂਟ ਲਗਾਉਣ ਲਈ ਛੋਟੇ ਕਿਸਾਨਾਂ ਤੋਂ ਜ਼ਮੀਨ ਲੈਣਾ

50. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਮੁਕੇਰੀਆਂ ਦੇ ਬਲਾਕ ਹਾਜ਼ੀਪੁਰ ਵਿਚ ਥਰਮਲ ਪਲਾਂਟ ਲਗਾਉਣ ਲਈ ਪ੍ਰਾਪਤ ਕੀਤੀ ਗਈ ਛੋਟੇ ਕਿਸਾਨਾਂ ਦੀ ਜ਼ਮੀਨ ਦੇ ਮੱਦੇ ਨਜ਼ਰ ਉਨ੍ਹਾਂ ਦੀ ਰੋਜ਼ੀ ਰੋਟੀ ਲਈ ਸਰਕਾਰ ਕੋਈ ਉਪਰਾਲੇ ਕਰ ਰਹੀ ਹੈ ਅਤੇ ਕਿਸਾਨਾਂ ਦੇ ਭਵਿੱਖ ਨੂੰ ਦੇਖਦੇ ਹੋਏ ਸਰਕਾਰ ਉੱਕਤ ਤਜਵੀਜ਼ ਨੂੰ ਰੱਦ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਤਜਵੀਜ਼ ਕਦੋਂ ਤੱਕ ਰੱਦ ਕਰ ਦਿੱਤੀ ਜਾਵੇਗੀ?

ਚੰਡੀਗੜ੍ਹ
ਮਿਤੀ 15 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।